Australian Government

Department of Health and Aged Care

National Women's Health Advisory Council

# ਜਾਣਕਾਰੀ ਕਿੱਟ

## ਔਰਤਾਂ ਦੀ ਰਾਸ਼ਟਰੀ ਸਿਹਤ ਸਲਾਹਕਾਰ ਕੌਂਸਲ (ਨੈਸ਼ਨਲ ਵਿਮਨਜ਼ ਹੈਲਥ ਅਡਵਾਈਜ਼ਰੀ ਕੌਂਸਲ)

**#EndGenderBias ਸਰਵੇਖਣ**

ਜੁਲਾਈ 2023



Australian Government
Department of Health and Aged Care

National Women's Health Advisory Council

# ਜਾਣਕਾਰੀ ਕਿੱਟ

**ਜਾਣ-ਪਛਾਣ**

ਔਰਤਾਂ ਦੀ ਰਾਸ਼ਟਰੀ ਸਿਹਤ ਸਲਾਹਕਾਰ ਕੌਂਸਲ, ਆਸਟ੍ਰੇਲੀਆ ਵਿੱਚ ਔਰਤਾਂ ਅਤੇ ਕੁੜੀਆਂ ਵਾਸਤੇ ਸਿਹਤ ਨਤੀਜਿਆਂ ਵਿੱਚ ਸੁਧਾਰ ਕਰਨ ਲਈ ਆਸਟ੍ਰੇਲੀਆ ਦੀ ਸਰਕਾਰ ਨੂੰ ਸਲਾਹ ਅਤੇ ਸਿਫਾਰਸ਼ਾਂ ਪ੍ਰਦਾਨ ਕਰਦੀ ਹੈ।

ਸਿਹਤ ਅਤੇ ਬਜ਼ੁਰਗਾਂ ਦੀ ਸੰਭਾਲ ਦੇ ਵਿਭਾਗ (Department of Health and Aged Care) ਰਾਹੀਂ, ਕੌਂਸਲ ਨੇ ਉਹਨਾਂ ਰੁਕਾਵਟਾਂ ਅਤੇ ਪੱਖਪਾਤ ਨੂੰ ਬੇਹਤਰ ਤਰੀਕੇ ਨਾਲ ਸਮਝਣ ਲਈ #EndGenderBias ਸਰਵੇਖਣ ਸ਼ੁਰੂ ਕੀਤਾ ਹੈ ਜਿੰਨ੍ਹਾਂ ਦਾ ਸਾਹਮਣਾ ਔਰਤਾਂ ਆਸਟ੍ਰੇਲੀਆ ਦੀ ਸਿਹਤ ਪ੍ਰਣਾਲੀ ਵਿੱਚ ਕਰਦੀਆਂ ਹਨ। ਔਨਲਾਈਨ ਸਰਵੇਖਣ ਹੇਠ ਲਿਖਿਆਂ ਵਾਸਤੇ ਖੁੱਲ੍ਹਾ ਹੈ:

- ਆਸਟ੍ਰੇਲੀਆ ਦੀ ਸਿਹਤ-ਸੰਭਾਲ ਪ੍ਰਣਾਲੀ ਵਿੱਚ ਲਿੰਗਕ ਪੱਖਪਾਤ ਦਾ ਵਿਅਕਤੀਗਤ ਤੌਰ 'ਤੇ ਸਾਹਮਣਾ ਕਰਨ ਵਾਲੀਆਂ ਬਾਲਗ ਔਰਤਾਂ ਅਤੇ ਔਰਤਾਂ ਦੇ ਸੰਭਾਲਕਰਤਾ
- ਮਾਹਰ ਜਿਵੇਂ ਕਿ ਅਕਾਦਮਿਕ ਅਤੇ ਸਿਹਤ ਪੇਸ਼ੇਵਰ ਜੋ ਉਨ੍ਹਾਂ ਰੁਕਾਵਟਾਂ ਅਤੇ ਪੱਖਪਾਤ ਬਾਰੇ ਆਪਣੇ ਦ੍ਰਿਸ਼ਟੀਕੋਣ ਨੂੰ ਸਾਂਝਾ ਕਰ ਸਕਦੇ ਹਨ ਜਿੰਨ੍ਹਾਂ ਦਾ ਤਜ਼ਰਬਾ ਔਰਤਾਂ ਅਤੇ ਕੁੜੀਆਂ ਨੂੰ ਆਸਟ੍ਰੇਲੀਆ ਦੀ ਸਿਹਤ-ਸੰਭਾਲ ਪ੍ਰਣਾਲੀ ਵਿੱਚ ਹੁੰਦਾ ਹੈ।

ਹੇਠ ਲਿਖੀਆਂ ਤਰਜੀਹੀ ਆਬਾਦੀਆਂ ਦੇ ਦ੍ਰਿਸ਼ਟੀਕੋਣਾਂ ਦੀ ਵਿਸ਼ੇਸ਼ ਤੌਰ 'ਤੇ ਮੰਗ ਕੀਤੀ ਜਾਂਦੀ ਹੈ:

- ਸਵਦੇਸ਼ੀ (ਫ਼ਸਟ ਨੇਸ਼ਨਜ਼) ਔਰਤਾਂ
- ਲੈਸਬੀਅਨ, ਦੋ-ਲਿੰਗੀ, ਟਰਾਂਸਜੈਂਡਰ, ਇੰਟਰਸੈਕਸ ਅਤੇ ਕਵੀਅਰ ਲੋਕ
- ਸਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵੰਨ-ਸੁਵੰਨੇ ਲੋਕ
- ਨੀਵੇਂ ਸਮਾਜਕ-ਆਰਥਿਕ ਪਰਿਵਾਰਾਂ ਤੋਂ ਲੋਕ
- ਦਿਹਾਤੀ ਅਤੇ ਦੂਰ-ਦੁਰਾਡੇ ਦੇ ਭਾਈਚਾਰਿਆਂ ਦੇ ਲੋਕ
- ਅਪੰਗਤਾ ਦੇ ਜਿਉਂਦੇ-ਜਾਗਦੇ ਤਜ਼ਰਬੇ ਵਾਲੇ ਲੋਕ।

ਜਵਾਬ ਗੁੰਮਨਾਮ ਰੂਪ ਵਿੱਚ ਦਿੱਤੇ ਜਾ ਸਕਦੇ ਹਨ ਅਤੇ ਇਹਨਾਂ ਨੂੰ ਟੈਕਸਟ, ਵੀਡੀਓ ਜਾਂ ਆਡੀਓ ਰਿਕਾਰਡਿੰਗਾਂ ਰਾਹੀਂ ਔਨਲਾਈਨ ਜਮ੍ਹਾਂ ਕਰਵਾਇਆ ਜਾ ਸਕਦਾ ਹੈ।

ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਸਰਵੇਖਣ 19 ਜੁਲਾਈ 2023 ਤੋਂ 13 ਅਕਤੂਬਰ 2023 ਤੱਕ ਖੁੱਲ੍ਹਾ ਰਹੇਗਾ ਅਤੇ ਇੱਥੇ ਪਹੁੰਚਿਆ ਜਾ ਸਕਦਾ ਹੈ।

**ਇਸ ਕਿੱਟ ਦੀ ਵਰਤੋਂ ਕਿਵੇਂ ਕਰਨੀ ਹੈ**

ਕੌਂਸਲ ਮੈਂਬਰਾਂ, ਹਿੱਸੇਦਾਰ ਸੰਗਠਨਾਂ, ਖਪਤਕਾਰ ਸਮੂਹਾਂ, ਅਕਾਦਮਿਕ ਲੋਕਾਂ, ਅਤੇ ਡਾਕਟਰੀ ਅਤੇ ਪੇਸ਼ੇਵਰ ਸੰਸਥਾਵਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਉਹ ਜਾਣਕਾਰੀ ਸਾਂਝੀ ਕਰਨ ਅਤੇ ਹੇਠ ਲਿਖੀਆਂ ਸਰਗਰਮੀਆਂ ਕਰ ਕੇ ਸਰਵੇਖਣ ਵਿੱਚ ਹਿੱਸਾ ਲੈਣ ਨੂੰ ਉਤਸ਼ਾਹਿਤ ਕਰਨ:

- ਸ਼ੋਸ਼ਲ ਮੀਡੀਆ ਪੋਸਟਾਂ ਨੂੰ ਪ੍ਰਕਾਸ਼ਿਤ ਕਰਨਾ (ਹੇਠਾਂ ਉਦਾਹਰਨ ਵਾਲੀ ਸਮੱਗਰੀ ਦੇਖੋ)

- ਜਿਸ ਵਿੱਚ ਖ਼ਬਰਨਾਮਿਆਂ ਅਤੇ/ਜਾਂ ਵੈੱਬਸਾਈਟਾਂ 'ਤੇ ਲਿਖਿਆ ਲੇਖ ਵੀ ਸ਼ਾਮਲ ਹੈ (ਹੇਠਾਂ ਉਦਾਹਰਨ ਵਾਲੀ ਸਮੱਗਰੀ ਦੇਖੋ)
- ਪੋਸਟਰ ਵਰਗੇ ਸਰੋਤਾਂ ਨੂੰ ਪ੍ਰਦਰਸ਼ਿਤ ਕਰਨਾ (ਹੇਠਾਂ ਉਦਾਹਰਨ ਦੇਖੋ)
- ਹਿੱਸੇਦਾਰਾਂ ਨੂੰ ਹੋਰ ਸਿੱਖਣ ਲਈ health.gov.au/womens-health-advisory-council ਵੱਲ ਨਿਰਦੇਸ਼ਿਤ ਕਰਨਾ।

**ਹੋਰ ਜਾਣਕਾਰੀ**

ਇਸ ਕਿੱਟ ਵਿਚਲੇ ਸਰੋਤਾਂ ਬਾਰੇ ਪੁੱਛਗਿੱਛਾਂ ਵਾਸਤੇ ਕਿਰਪਾ ਕਰਕੇ campaigns@health.gov.au ਨਾਲ ਸੰਪਰਕ ਕਰੋ।

## ਖ਼ਬਰਨਾਮੇ ਲਈ ਲੇਖ

ਹੇਠਾਂ ਦਿੱਤੇ ਲੇਖ ਨੂੰ ਤੁਹਾਡੀ ਵੈੱਬਸਾਈਟ ਅਤੇ/ਜਾਂ ਖ਼ਬਰਨਾਮੇ ਦੇ ਮੁਤਾਬਿਕ ਢਾਲਿਆ ਅਤੇ ਪ੍ਰਕਾਸ਼ਿਤ ਕੀਤਾ ਜਾ ਸਕਦਾ ਹੈ।

### *ਆਸਟ੍ਰੇਲੀਆ ਦੀ ਸਿਹਤ-ਸੰਭਾਲ ਪ੍ਰਣਾਲੀ ਵਿੱਚ #EndGenderBias 'ਤੇ ਆਪਣੀ ਗੱਲ ਕਹੋ*

ਔਰਤਾਂ ਦੀ ਰਾਸ਼ਟਰੀ ਸਿਹਤ ਸਲਾਹਕਾਰੀ ਕੌਂਸਲ ਆਸਟ੍ਰੇਲੀਆ ਦੀ ਸਰਕਾਰ ਨੂੰ ਔਰਤਾਂ ਅਤੇ ਕੁੜੀਆਂ ਵਾਸਤੇ ਸਿਹਤ ਨਤੀਜਿਆਂ ਵਿੱਚ ਸੁਧਾਰ ਕਰਨ ਦੇ ਤਰੀਕਿਆਂ ਬਾਰੇ ਸਲਾਹ ਪ੍ਰਦਾਨ ਕਰਨ ਲਈ ਇਸ ਸਾਲ ਦੇ ਸ਼ੁਰੂ ਵਿੱਚ ਖੜ੍ਹੀ ਹੋਈ ਸੀ। ਹੁਣ ਉਹ #EndGenderBias ਸਰਵੇਖਣ ਵਿੱਚ ਆਪਣੇ ਤਜ਼ਰਬੇ ਸਾਂਝੇ ਕਰਨ ਲਈ ਔਰਤਾਂ, ਕੁੜੀਆਂ ਅਤੇ ਜਨਮ ਸਮੇਂ ਮਾਦਾ ਲਿੰਗ ਵਜੋਂ ਨਿਰਧਾਰਤ ਲੋਕਾਂ ਨੂੰ ਸੱਦਾ ਦੇ ਰਹੇ ਹਨ। ਸਿਹਤ ਸੰਭਾਲ ਪੇਸ਼ੇਵਰਾਂ ਅਤੇ ਮਾਹਰਾਂ ਤੋਂ ਮੁਹਾਰਤ ਅਤੇ ਵਾਪਸੀ ਸੁਝਾਵਾਂ ਦੀ ਵੀ ਮੰਗ ਕੀਤੀ ਜਾਂਦੀ ਹੈ।

ਸਿਹਤ ਅਤੇ ਬਜ਼ੁਰਗਾਂ ਦੀ ਸੰਭਾਲ ਲਈ ਸਹਾਇਕ ਮੰਤਰੀ, ਮਾਣਯੋਗ ਗੇਡ ਕੇਅਰਨੀ ਐਮ ਪੀ ਦੀ ਪ੍ਰਧਾਨਗੀ ਹੇਠ, ਕੌਂਸਲ ਦੇਸ਼ ਦੇ ਕੁਝ ਸਭ ਤੋਂ ਉੱਘੇ ਔਰਤਾਂ ਦੇ ਸਿਹਤ ਮਾਹਰਾਂ ਦੇ ਨਾਲ-ਨਾਲ ਚੋਟੀ ਦੇ ਹਿੱਸੇਦਾਰ ਸੰਗਠਨਾਂ, ਖ਼ਪਤਕਾਰ ਸਮੂਹਾਂ ਅਤੇ ਡਾਕਟਰੀ ਅਤੇ ਪੇਸ਼ੇਵਰ ਸੰਸਥਾਵਾਂ ਦੇ ਕਈ ਤਰ੍ਹਾਂ ਦੇ ਨੁਮਾਇੰਦਿਆਂ ਨੂੰ ਇਕੱਠਿਆਂ ਕਰਦੀ ਹੈ - ਜਿਸ ਵਿੱਚ ਜੀਵਤ ਅਨੁਭਵ ਵਾਲੀਆਂ ਔਰਤਾਂ ਦੀ ਆਵਾਜ਼ ਵੀ ਸ਼ਾਮਲ ਹੈ।

ਆਸਟ੍ਰੇਲੀਆ ਦੀ ਸਿਹਤ-ਸੰਭਾਲ ਪ੍ਰਣਾਲੀ ਵਿੱਚ ਔਰਤਾਂ ਅਤੇ ਕੁੜੀਆਂ ਨੂੰ ਵਿਲੱਖਣ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿੰਨ੍ਹਾਂ ਦਾ ਸਿੱਟਾ ਵਧੇਰੇ ਮਾੜੇ ਸਿਹਤ ਨਤੀਜਿਆਂ ਦੇ ਰੂਪ ਵਿੱਚ ਨਿਕਲਦਾ ਹੈ – ਦੇਰੀ ਨਾਲ ਰੋਗ ਦਾ ਪਤਾ ਲੱਗਣਾ, ਹੱਦੋਂ ਵੱਧ ਦਵਾਈਆਂ ਦੀਆਂ ਤਜਵੀਜ਼ਾਂ ਲਿਖਣਾ, ਦਰਦ ਦੀ ਗੱਲ ਨੂੰ ਖਾਰਜ ਕਰਨਾ ਅਤੇ ਹੋਰ ਵੀ ਬਹੁਤ ਕੁਝ।

ਸਹਾਇਕ ਮੰਤਰੀ ਕੇਅਰਨੀ ਕਹਿੰਦੀ ਹੈ *"ਜਦੋਂ ਇਹ ਸੁਰੱਖਿਅਤ, ਉੱਚ ਗੁਣਵੱਤਾ ਅਤੇ ਕਿਫਾਇਤੀ ਸਿਹਤ ਸੰਭਾਲ ਦੀ ਗੱਲ ਆਉਂਦੀ ਹੈ ਤਾਂ ਆਸਟ੍ਰੇਲੀਆ ਵਿੱਚ ਕਿਸੇ ਨੂੰ ਵੀ ਪਾੜੇ ਵਿੱਚ ਦੀ ਨਹੀਂ ਡਿੱਗਣਾ ਚਾਹੀਦਾ"*।

*"ਇਹ ਪੂਰੀ ਤਰ੍ਹਾਂ ਅਸਵੀਕਾਰਯੋਗ ਹੈ ਕਿ ਇਕ ਜਵਾਨ ਲੜਕੀ ਆਪਣੀ ਉਮਰ ਦੇ ਲੜਕੇ ਨਾਲੋਂ ਸੰਭਾਵਿਤ ਤੌਰ 'ਤੇ ਕਈ ਵੱਧ ਸਾਲਾਂ ਤੱਕ ਰੋਗ ਦਾ ਪਤਾ ਲਗਾਏ ਬਗ਼ੈਰ ADHD ਦੇ ਲੱਛਣਾਂ ਤੋਂ ਪੀੜਤ ਰਹਿੰਦੀ ਹੈ। ਜਾਂ ਕਿਸੇ ਔਰਤ ਦੇ ਪੇਡੂ ਦੇ ਬਹੁਤ ਬੁਰੇ ਦਰਦ ਨੂੰ ਵਾਰ-ਵਾਰ ਖਾਰਜ ਕਰ ਦਿੱਤਾ ਜਾਂਦਾ ਹੈ, ਪਰ ਫਿਰ ਤੀਬਰ ਐਂਡੋਮੈਟ੍ਰੀਓਸਿਸ ਲੱਭਦੀ ਹੈ।"*

ਕੌਂਸਲ ਵਿਸ਼ੇਸ਼ ਤੌਰ 'ਤੇ ਤਰਜੀਹੀ ਆਬਾਦੀਆਂ ਦੇ ਵਿਚਾਰਾਂ ਨੂੰ ਸੁਣਨ ਵਿੱਚ ਦਿਲਚਸਪੀ ਰੱਖਦੀ ਹੈ, ਜਿਸ ਵਿੱਚ ਫਸਟ ਨੇਸ਼ਨਜ਼ ਦੀਆਂ ਔਰਤਾਂ, ਸਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵੰਨ-ਸੁਵੰਨੇ ਭਾਈਚਾਰੇ, ਲੈਸਬੀਅਨ, ਦੋ-ਲਿੰਗੀ, ਟਰਾਂਸਜੈਂਡਰ, ਇੰਟਰਸੈਕਸ ਅਤੇ ਕਵੀਅਰ ਲੋਕ, ਦਿਹਾਤੀ ਅਤੇ ਦੂਰ-ਦੁਰਾਡੇ ਦੇ ਭਾਈਚਾਰਿਆਂ ਦੇ ਲੋਕ, ਅਤੇ ਅਪੰਗਤਾ ਦੇ ਜਿਉਂਦੇ-ਜਾਗਦੇ ਤਜ਼ਰਬੇ ਵਾਲੇ ਲੋਕ ਸ਼ਾਮਲ ਹਨ।

**ਅੱਜ ਹੀ ਸਰਵੇਖਣ ਨੂੰ ਪੂਰਾ ਕਰੋ (ਜਾਂ ਸਾਂਝਾ ਕਰੋ):**

ਜੇ ਆਸਟ੍ਰੇਲੀਆ ਦੀ ਸਿਹਤ-ਸੰਭਾਲ ਪ੍ਰਣਾਲੀ ਵਿੱਚ ਇਕ ਔਰਤ ਵਜੋਂ ਤੁਹਾਨੂੰ (ਜਾਂ ਤੁਹਾਡੇ ਵੱਲੋਂ ਦੇਖਭਾਲ ਕਰਨ ਵਾਲੇ ਕਿਸੇ ਵਿਅਕਤੀ) ਨੂੰ ਪਹੁੰਚ ਵਿੱਚ ਰੁਕਾਵਟਾਂ ਜਾਂ ਲਿੰਗਕ ਪੱਖਪਾਤ ਦਾ ਤਜ਼ਰਬਾ ਹੋਇਆ ਹੈ, ਤਾਂ #EndGenderBias ਨੂੰ ਮਦਦ ਕਰਨ ਲਈ ਤੁਹਾਨੂੰ ਆਪਣੇ ਤਜ਼ਰਬੇ ਸਾਂਝੇ ਕਰਨ ਅਤੇ 13 ਅਕਤੂਬਰ 2023 ਤੱਕ ਸਰਵੇਖਣ ਪੂਰਾ ਕਰਨ ਲਈ ਸੱਦਾ ਦਿੱਤਾ ਜਾਵੇਗਾ।

ਇਸ ਸਰਵੇਖਣ ਤੱਕ ਪਹੁੰਚ ਕਰਨ ਲਈ ਅਤੇ ਔਰਤਾਂ ਦੀ ਰਾਸ਼ਟਰੀ ਸਿਹਤ ਸਲਾਹਕਾਰੀ ਕੌਂਸਲ ਬਾਰੇ ਹੋਰ ਜਾਣਨ ਲਈ health.gov.au/womens-health-advisory-council 'ਤੇ ਜਾਓ।

# ਸੋਸ਼ਲ ਮੀਡੀਆ ਪੋਸਟਾਂ

ਹੇਠਾਂ ਦਿੱਤੀਆਂ ਪੋਸਟਾਂ ਅਤੇ ਚਿੱਤਰ ਟਾਈਲਾਂ ਨੂੰ ਤੁਹਾਡੇ ਪਸੰਦੀਦਾ ਸੋਸ਼ਲ ਮੀਡੀਆ ਚੈਨਲਾਂ 'ਤੇ ਪ੍ਰਕਾਸ਼ਤ ਕੀਤਾ ਜਾ ਸਕਦਾ ਹੈ।

| ਪੋਸਟ | ਚਿੱਤਰ |
| --- | --- |
| **ਭਾਈਚਾਰੇ ਲਈ:**<br>ਕੀ ਤੁਹਾਡੇ ਲਿੰਗ ਦੇ ਕਰ ਕੇ ਤੁਹਾਨੂੰ ਆਪਣੀ ਸਿਹਤ-ਸੰਭਾਲ ਦੀ ਗੁਣਵੱਤਾ ਬਾਰੇ ਕੋਈ ਸਮੱਸਿਆਵਾਂ ਆਈਆਂ ਹਨ? ਔਰਤਾਂ ਦੀ ਰਾਸ਼ਟਰੀ ਸਿਹਤ ਸਲਾਹਕਾਰੀ ਕੌਂਸਲ ਤੁਹਾਡੇ ਵਿਚਾਰ ਸੁਣਨਾ ਚਾਹੁੰਦੀ ਹੈ।<br>ਅੱਜ ਹੀ ਇਸ ਸਰਵੇਖਣ ਨੂੰ ਪੂਰਾ ਕਰਨ ਦੁਆਰਾ ਆਪਣੇ ਅਨੁਭਵਾਂ ਨੂੰ ਸਾਂਝਾ ਕਰੋ:<br>health.gov.au/womens-health-advisory-council<br>#WomensHealthMatters #EndGenderBias #GenderHealthEquity #EmpowerHerHealth #WithWomenForWomen |  |
| ਕੀ ਆਸਟ੍ਰੇਲੀਆ ਦੀ ਸਿਹਤ-ਸੰਭਾਲ ਪ੍ਰਣਾਲੀ ਵਿੱਚ ਤੁਹਾਡੇ ਨਾਲ ਜਾਂ ਤੁਹਾਡੇ ਦੁਆਰਾ ਦੇਖਭਾਲ ਕੀਤੇ ਜਾਣ ਵਾਲੇ ਕਿਸੇ ਵਿਅਕਤੀ ਨਾਲ ਇਕ ਔਰਤ ਵਜੋਂ ਗ਼ੈਰ -ਵਾਜਬ ਤਰੀਕੇ ਨਾਲ ਵਿਵਹਾਰ ਕੀਤਾ ਗਿਆ ਹੈ?<br>ਹੱਲ ਕੱਢਣ ਦਾ ਹਿੱਸਾ ਬਣੋ ਅਤੇ ਔਰਤਾਂ ਦੀ ਰਾਸ਼ਟਰੀ ਸਿਹਤ ਸਲਾਹਕਾਰੀ ਕੌਂਸਲ ਤੋਂ #EndGenderBias ਸਰਵੇਖਣ ਨੂੰ ਪੂਰਾ ਕਰੋ। ਹੋਰ ਜਾਣੋ:<br>health.gov.au/womens-health-advisory-council<br>#WomensHealthMatters #EndGenderBias #GenderHealthEquity #EmpowerHerHealth #WithWomenForWomen |  |
| **ਉਦਯੋਗ ਲਈ:**<br>ਔਰਤਾਂ ਦੀ ਰਾਸ਼ਟਰੀ ਸਿਹਤ ਸਲਾਹਕਾਰੀ ਕੌਂਸਲ ਉਹਨਾਂ ਅਕਾਦਮਿਕਾਂ ਅਤੇ ਸਿਹਤ ਪੇਸ਼ੇਵਰਾਂ ਕੋਲੋਂ ਸੁਣਨਾ ਚਾਹੁੰਦੀ ਹੈ ਜੋ ਉਹਨਾਂ ਰੁਕਾਵਟਾਂ ਅਤੇ ਪੱਖਪਾਤ ਬਾਰੇ ਆਪਣੇ ਦ੍ਰਿਸ਼ਟੀਕੋਣ ਨੂੰ ਸਾਂਝਾ ਕਰ ਸਕਦੇ ਹਨ ਜਿੰਨ੍ਹਾਂ ਦਾ ਆਸਟ੍ਰੇਲੀਆ ਦੀ ਸਿਹਤ-ਸੰਭਾਲ ਪ੍ਰਣਾਲੀ ਵਿੱਚ ਔਰਤਾਂ ਅਤੇ ਕੁੜੀਆਂ ਨੂੰ ਤਜ਼ਰਬਾ ਹੁੰਦਾ ਹੈ।<br>ਅੱਜ ਹੀ #EndGenderBias ਸਰਵੇਖਣ ਨੂੰ ਪੂਰਾ ਕਰਨ ਦੁਆਰਾ ਆਪਣੇ ਅਨੁਭਵਾਂ ਨੂੰ ਸਾਂਝਾ ਕਰੋ: health.gov.au/womens-health-advisory-council |  |

Australian Government
Department of Health and Aged Care

National Women's Health Advisory Council

| | |
|---|---|
| #WomensHealthMatters #EndGenderBias #GenderHealthEquity<br>#EmpowerHerHealth #WithWomenForWomen | |
| ਕੀ ਆਸਟ੍ਰੇਲੀਆ ਦੀ ਸਿਹਤ-ਸੰਭਾਲ ਪ੍ਰਣਾਲੀ ਵਿੱਚ ਤੁਹਾਡੇ ਨਾਲ ਜਾਂ ਤੁਹਾਡੇ ਦੁਆਰਾ ਦੇਖਭਾਲ ਕੀਤੇ ਜਾਣ ਵਾਲੇ ਕਿਸੇ ਵਿਅਕਤੀ ਨਾਲ ਇਕ ਔਰਤ ਵਜੋਂ ਗ਼ੈਰ -ਵਾਜਬ ਤਰੀਕੇ ਨਾਲ ਵਿਵਹਾਰ ਕੀਤਾ ਗਿਆ ਹੈ?<br>ਹੱਲ ਕੱਢਣ ਦਾ ਹਿੱਸਾ ਬਣੋ ਅਤੇ ਔਰਤਾਂ ਦੀ ਰਾਸ਼ਟਰੀ ਸਿਹਤ ਸਲਾਹਕਾਰੀ ਕੌਂਸਲ ਤੋਂ #EndGenderBias ਸਰਵੇਖਣ ਨੂੰ ਪੂਰਾ ਕਰੋ। ਹੋਰ ਜਾਣੋ: health.gov.au/womens-health-advisory-council<br><br>#WomensHealthMatters #EndGenderBias #GenderHealthEquity<br>#EmpowerHerHealth #WithWomenForWomen |  |
| ਆਸਟ੍ਰੇਲੀਆ ਵਿੱਚ ਇਕ ਜਵਾਨ ਔਰਤ ਵਜੋਂ, ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਔਰਤ ਲਿੰਗ ਦਾ ਸਿੱਟਾ ਸਿਹਤ-ਸੰਭਾਲ ਤੱਕ ਪਹੁੰਚ ਕਰਨ ਵਿੱਚ ਮੁਸ਼ਕਿਲਾਂ ਦੇ ਰੂਪ ਵਿੱਚ ਨਿਕਲਿਆ ਹੈ?<br>ਹੱਲ ਕੱਢਣ ਦਾ ਹਿੱਸਾ ਬਣੋ ਅਤੇ ਔਰਤਾਂ ਦੀ ਰਾਸ਼ਟਰੀ ਸਿਹਤ ਸਲਾਹਕਾਰੀ ਕੌਂਸਲ ਤੋਂ #EndGenderBias ਸਰਵੇਖਣ ਨੂੰ ਪੂਰਾ ਕਰੋ। ਹੋਰ ਜਾਣੋ: health.gov.au/womens-health-advisory-council<br><br>#WomensHealthMatters #EndGenderBias #GenderHealthEquity<br>#EmpowerHerHealth #WithWomenForWomen |  |

## ਪੋਸਟਰ

ਇਸ ਪੋਸਟਰ ਨੂੰ ਡਾਊਨਲੋਡ ਕਰੋ, ਛਾਪੋ ਅਤੇ ਬਰਾਂਡਿਆਂ ਵਿੱਚ ਜਾਂ ਅਜਿਹੇ ਖੇਤਰਾਂ ਵਿੱਚ ਸੂਚਨਾ ਬੋਰਡਾਂ 'ਤੇ ਲਗਾਓ ਜਿੱਥੇ ਬਾਲਗ ਔਰਤਾਂ ਅਤੇ ਔਰਤਾਂ ਅਤੇ ਕੁੜੀਆਂ ਦੀ ਦੇਖਭਾਲ ਕਰਨ ਵਾਲੀਆਂ ਔਰਤਾਂ ਜਿੰਨ੍ਹਾਂ ਨੂੰ ਆਸਟ੍ਰੇਲੀਆ ਦੀ ਸਿਹਤ-ਸੰਭਾਲ ਪ੍ਰਣਾਲੀ ਵਿੱਚ ਲਿੰਗਕ ਪੱਖਪਾਤ ਦਾ ਤਜ਼ਰਬਾ ਹੋਇਆ ਹੈ, ਇਸ ਨੂੰ ਦੇਖਣਗੀਆਂ।


Have you or someone you care for been unfairly treated as a woman in Australia's healthcare system?
Be part of the solution and complete the survey from the National Women's Health Advisory Council.
Learn more: www.health.gov.au/XXX
Australian Government
Department of Health and Aged Care
National Women's Health Advisory Council